# Inaugural launch of online Pre-departure Orientation Training Programme

April 07, 2021

---

# ਆਨਲਾਈਨ ਪ੍ਰੀ-ਡਿਪਾਰਚਰ ਓਰੀਇੰਟੇਸ਼ਨ ਸਿਖਲਾਈ ਪ੍ਰੋਗਰਾਮ ਹੋਇਆ ਲਾਂਚ

7 ਅਪ੍ਰੈਲ, 2021

PDOT ਕੇਂਦਰਾਂ ਵਿੱਚ ਭੌਤਿਕ ਰੂਪ ਵਿੱਚ ਦਿੱਤੀ ਜਾ ਰਹੀ ਸਿਖਲਾਈ ਦੇ ਪੂਰਕ ਵਜੋਂ ਪਰਵਾਸੀ ਮਜ਼ਦੂਰਾਂ ਲਈ ਪਹਿਲਾ ਆਨਲਾਈਨ ਪ੍ਰੀ-ਡਿਪਾਰਚਰ ਓਰੀਇੰਟੇਸ਼ਨ ਸਿਖਲਾਈ ਪ੍ਰੋਗਰਾਮ (PDOT) ਅੱਜ ਲਾਂਚ ਕੀਤਾ ਗਿਆ। ਪ੍ਰੋਟੈਕਟਰ ਆਫ਼ ਇੰਮੀਗ੍ਰਾਂਟਸ (POE) ਮੁੰਬਈ ਅਤੇ ਹੋਰ POEs ਦੇ ਸਹਿਯੋਗ ਨਾਲ ਕਰਾਇਆ ਗਿਆ ਇਹ ਪ੍ਰੋਗਰਾਮ ਵਿਦੇਸ਼ ਮੰਤਰਾਲੇ ਨੇ COVID - 19 ਪਾਬੰਦੀਆਂ ਦੇ ਮੱਦੇਨਜ਼ਰ ਅਤੇ ਟੈਕਨੋਲੋਜੀ ਦਾ ਲਾਭ ਲੈਣ ਲਈ ਸ਼ੁਰੂ ਕੀਤਾ ਹੈ। COVID - 19 ਦੀ ਪਾਬੰਦੀਆਂ ਵਿੱਚ ਢਿੱਲ ਦੇਣ ਤੋਂ ਬਾਅਦ ਵੀ ਆਨਲਾਈਨ PDOT ਵਿਅਕਤੀਗਤ ਤੌਰ 'ਤੇ ਸਿਖਲਾਈ ਨਾ ਲੈ ਸਕਣ ਵਾਲੇ ਸੰਭਾਵਤ ਪਰਵਾਸੀਆਂ ਦੀ ਸਹੂਲਤ ਅਤੇ ਇਸਦੀ ਪਹੁੰਚ ਨੂੰ ਵਧਾਉਣ ਲਈ ਜਾਰੀ ਰਹੇਗਾ।

ਸਕੱਤਰ (CPV ਅਤੇ OIA) ਸ਼੍ਰੀ ਸੰਜੇ ਭੱਟਾਚਾਰੀਆ ਨੇ ਭਾਗੀਦਾਰਾਂ ਨੂੰ ਸੰਬੋਧਿਤ ਕੀਤਾ ਅਤੇ ਸੁਰੱਖਿਅਤ ਅਤੇ ਕਾਨੂੰਨੀ ਪਰਵਾਸ ਨੂੰ ਯਕੀਨੀ ਬਣਾਉਣ ਲਈ PDO ਸਿਖਲਾਈ ਦੀ ਮਹੱਤਤਾ ਤੇ ਵੀ ਜ਼ੋਰ ਦਿੱਤਾ। ਸੰਭਾਵਤ ਪਰਵਾਸੀ ਵਿਅਕਤੀਗਤ ਤੌਰ 'ਤੇ ਜਾਂ ਆਨਲਾਈਨ ਭਾਗੀਦਾਰੀ, ਦੋਨਾਂ ਵਿੱਚੋਂ ਚੋਣ ਕਰ ਸਕਦੇ ਹਨ, ਖ਼ਾਸਕਰ ਉਹ ਜਿਨ੍ਹਾਂ ਨੂੰ PDOT ਕੇਂਦਰਾਂ 'ਚ ਪਹੁੰਚਣ ਲਈ ਲੰਮੀ ਯਾਤਰਾ ਕਰਨੀ ਪੈਂਦੀ ਹੈ। ਉਨ੍ਹਾਂ ਨੇ ਕਿਹਾ ਕਿ PDO ਸਿਖਲਾਈ ਪਰਵਾਸੀ ਮਜ਼ਦੂਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਉਸ ਦੇਸ਼ ਦੇ ਸਭਿਆਚਾਰ, ਭਾਸ਼ਾ ਅਤੇ ਨਿਯਮਾਂ ਬਾਰੇ ਜਾਣਕਾਰੀ ਲੈਣ ਵਿੱਚ ਵੀ ਮਦਦ ਕਰੇਗੀ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਸਦਕਾ ਭਾਰਤੀ ਸਮੁਦਾ ਵੈਲਫੇਅਰ ਫੰਡ (ICWF), ਪਰਵਾਸੀ ਭਾਰਤੀ ਬੀਮਾ ਯੋਜਨਾ (PBBY), ਈ - ਮਾਈਗ੍ਰੇਟ ਪੋਰਟਲ, MADAD ਪੋਰਟਲ, ਪਰਵਾਸੀ ਭਾਰਤੀਆ ਸਹਾਇਤਾ ਕੇਂਦਰਾਂ (PBSK 's) ਅਤੇ 24 *07 ਹੈਲਪਲਾਈਨਾਂ ਵਰਗੇ ਭਾਰਤੀ ਦੂਤਘਰਾਂ ਅਤੇ ਕੌਂਸਲੇਟਾਂ ਵਿੱਖੇ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਭਲਾਈ ਦੇ ਉਪਾਵਾਂ ਬਾਰੇ ਜਾਣਨ ਦਾ ਮੌਕਾ ਮਿਲਿਆ।

ਸਾਰੇ POEs, NSDC, ਰਾਜ ਸਰਕਾਰਾਂ, ਭਰਤੀ ਏਜੰਟ (RAs) ਅਤੇ PDOT ਕੇਂਦਰ ਇਸ ਪਹਿਲ ਨੂੰ ਅੱਗੇ ਲਿਜਾਣ ਲਈ ਤਿਆਰ ਬਰ ਤਿਆਰ ਹਨ ਤਾਂ ਜੋ ਵੱਧ ਤੋਂ ਵੱਧ ਸੰਭਾਵਤ ਪਰਵਾਸੀਆਂ ਨੂੰ ਜਾਣ ਤੋਂ ਪਹਿਲਾਂ ਸਿਖਲਾਈ ਮਿਲ ਸਕੇ। POE ਮੁੰਬਈ ਦੁਆਰਾ ਕਰਾਏ ਗਏ ਮਿਲੇਜੁਲੇ ਮੌਡਯੂਲ ਵਿੱਚ ਸੰਭਾਵਤ ਪਰਵਾਸੀ, ਵਿਅਕਤੀਗਤ ਅਤੇ ਆਨਲਾਈਨ ਦੋਵੇਂ ਰੂਪਾਂ' ਚ ਅਤੇ ਪ੍ਰਵਾਸ

ਚੱਕਰ ਦੇ ਸਾਰੇ ਹਿੱਸੇਦਾਰ ਸ਼ਾਮਲ ਹੋਏ. ਮੰਤਰਾਲੇ ਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਪਹਿਲ ਨਾਲ ਸੰਭਾਵਤ ਪਰਵਾਸੀਆਂ ਨੂੰ ਬਿਹਤਰ ਹੁਨਰ ਮਿਲ ਸਕਣਗੇ ਅਤੇ ਪਰਵਾਸ ਦੀ ਯਾਤਰਾ 'ਤੇ ਜਾਣ ਵਾਸਤੇ ਉਨ੍ਹਾਂ ਦਾ ਸਸ਼ਕਤੀਕਰਨ ਹੋਵੇਗਾ।

**ਨਵੀਂ ਦਿੱਲੀ**

7 ਅਪ੍ਰੈਲ, 2021

DISCLAIMER: This is an approximate translation. The original is available in English on MEA's website and may be referred to as the official press release.